Civil Resolution Tribunal

# ਮਦਦ ਕਰਨ ਵਾਲੇ ਅਤੇ ਨੁਮਾਇੰਦਗੀ

## ਕੀ ਮੈਂ ਸੀ ਆਰ ਟੀ ਦੀ ਵਰਤੋਂ ਕਰਨ ਲਈ ਕਿਸੇ ਦੀ ਮਦਦ ਲੈ ਸਕਦਾ/ਸਕਦੀ ਹਾਂ?

ਸੀ ਆਰ ਟੀ ਦੀ ਵਰਤੋਂ ਕਰਨ ਵੇਲੇ, ਆਪਣੇ ਆਪ ਲਈ ਬੋਲਣਾ ਜ਼ਰੂਰੀ ਹੈ ਜੇ ਤੁਸੀਂ ਇਹ ਕਰਨ ਦੇ ਯੋਗ ਹੋਵੋ। ਜੇ ਤੁਸੀਂ ਚਾਹੁੰਦੇ ਹੋ ਕਿ ਸੀ ਆਰ ਟੀ ਦੀ ਕਾਰਵਾਈ ਦੌਰਾਨ ਕੋਈ ਤੁਹਾਡੀ ਮਦਦ ਕਰੇ ਤਾਂ ਅਸੀਂ ਤੁਹਾਨੂੰ **ਕਿਸੇ ਮਦਦ ਕਰਨ ਵਾਲੇ (ਹੈਲਪਰ)** ਨੂੰ ਲੱਭਣ ਲਈ ਉਤਸ਼ਾਹ ਦਿੰਦੇ ਹਾਂ। ਕੁਝ ਕੇਸਾਂ ਵਿਚ, ਸੀ ਆਰ ਟੀ ਦੀ ਵਰਤੋਂ ਕਰਨ ਵੇਲੇ ਤੁਸੀਂ ਆਪਣੇ ਲਈ ਕੋਈ **ਨੁਮਾਇੰਦਾ** ਰੱਖ ਸਕਦੇ ਹੋ।

## ਮਦਦ ਕਰਨ ਵਾਲੇ ਤੋਂ ਕੀ ਭਾਵ ਹੈ?

ਮਦਦ ਕਰਨ ਵਾਲਾ ਬਹੁਤ ਸਾਰੀਆਂ ਵੱਖ ਵੱਖ ਚੀਜ਼ਾਂ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

ਉਦਾਹਰਣ ਲਈ, ਮਦਦ ਕਰਨ ਵਾਲਾ:

- ਤਿਆਰ ਹੋਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ
- ਨੋਟ ਲਿਖ ਸਕਦਾ ਹੈ
- ਤੁਹਾਡੀ ਜਜ਼ਬਾਤੀ ਮਦਦ ਕਰ ਸਕਦਾ ਹੈ
- ਔਨਲਾਈਨ ਫਾਰਮ ਭਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ

ਤੁਸੀਂ ਆਪਣੀ ਮਦਦ ਕਰਨ ਵਾਲੇ ਤੋਂ ਕਿੰਨੀ ਮਦਦ ਲੈਣਾ ਚਾਹੁੰਦੇ ਹੋ, ਇਸ ਬਾਰੇ ਤੁਹਾਨੂੰ ਉਸ ਨਾਲ ਪਹਿਲਾਂ ਹੀ ਗੱਲ ਕਰਨੀ ਚਾਹੀਦੀ ਹੈ।

ਮਦਦ ਕਰਨ ਵਾਲਾ ਤੁਹਾਡੀ ਤਰਫੋਂ ਸੀ ਆਰ ਟੀ ਨਾਲ ਗੱਲ ਨਹੀਂ ਕਰ ਸਕਦਾ। ਗੱਲਬਾਤ ਤੁਹਾਨੂੰ ਆਪ ਕਰਨੀ ਪਵੇਗੀ, ਪਰ ਤੁਹਾਡੀ ਮਦਦ ਕਰਨ ਵਾਲਾ ਹਰ ਕਦਮ `ਤੇ ਤੁਹਾਡੀ ਮਦਦ ਕਰਨ ਲਈ ਉੱਥੇ ਹੋ ਸਕਦਾ ਹੈ।

## ਨੁਮਾਇੰਦੇ ਤੋਂ ਕੀ ਭਾਵ ਹੈ?

ਨੁਮਾਇੰਦਾ (ਰੈਪਰੇਜ਼ਿਨਟੇਟਿਵ) ਉਹ ਵਿਅਕਤੀ ਹੈ ਜਿਸ ਨੂੰ ਤੁਹਾਡੀ ਤਰਫੋਂ ਸੀ ਆਰ ਟੀ ਨਾਲ ਗੱਲ  ਕਰਨ ਦੀ ਆਗਿਆ ਹੈ।

ਉਦਾਹਰਣ ਲਈ, ਨੁਮਾਇੰਦਾ:

- ਤੁਹਾਡੀ ਤਰਫੋਂ ਐਗਰੀਮੈਂਟ ਕਰ ਸਕਦਾ ਹੈ। ਤੁਹਾਨੂੰ ਉਸ ਚੀਜ਼ ਦੀ ਪਾਲਣਾ ਕਰਨੀ ਪਵੇਗੀ ਜਿਸ ਲਈ ਤੁਹਾਡਾ ਨੁਮਾਇੰਦਾ ਸਹਿਮਤ ਹੁੰਦਾ ਹੈ।
- ਤੁਹਾਡੇ ਝਗੜੇ ਬਾਰੇ ਸੀ ਆਰ ਟੀ ਦੇ ਸਟਾਫ ਨਾਲ ਵਿਚਾਰ ਕਰ ਸਕਦਾ ਹੈ
- ਟ੍ਰਿਬਿਊਨਲ ਦੀ ਸੁਣਵਾਈ ਦੌਰਾਨ ਤੁਹਾਡੇ ਲਈ ਬੋਲ ਸਕਦਾ ਹੈ

ਜਿਸ ਧਿਰ ਦੀ ਨੁਮਾਇੰਦਗੀ ਕੀਤੀ ਜਾ ਰਹੀ ਹੈ, ਉਸ ਧਿਰ ਨੂੰ ਅਜੇ ਵੀ ਮਦਦ (ਫਾਸਿਲੀਟੇਸ਼ਨ) ਦੌਰਾਨ ਹਾਜ਼ਰ ਰਹਿਣਾ ਪਵੇਗਾ, ਜਾਂ ਕਿਸੇ ਹੋਰ ਤਰ੍ਹਾਂ ਪੂਰੀ ਤਰ੍ਹਾਂ ਜਾਣਕਾਰ ਰਹਿਣਾ ਅਤੇ ਸਿੱਧੀ ਰਾਇ ਪ੍ਰਦਾਨ ਕਰਨੀ ਪਵੇਗੀ, ਜੇ ਫਾਸਿਲੀਟੇਟਰ ਉਸ ਧਿਰ ਨੂੰ ਅਜਿਹਾ ਕਰਨ ਤੋਂ ਛੋਟ ਨਹੀਂ ਦੇ ਦਿੰਦਾ।

## ਆਮ ਪੁੱਛੇ ਜਾਂਦੇ ਸਵਾਲ

### ਆਪਣੇ ਸੀ ਆਰ ਟੀ ਕੇਸ ਲਈ ਕੀ ਮੈਂ ਵਕੀਲ ਕਰ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਵਕੀਲ ਕਰ ਸਕਦੇ ਹੋ। ਤੁਸੀਂ ਉਸ ਦੀ ਵਰਤੋਂ ਆਪਣੀ ਮਦਦ ਕਰਨ ਵਾਲੇ ਵਜੋਂ ਕਰ ਸਕਦੇ ਹੋ। ਜਾਂ, ਜੇ ਤੁਹਾਨੂੰ ਨੁਮਾਇੰਦਗੀ ਦੀ ਆਗਿਆ ਮਿਲੀ ਹੈ ਤਾਂ ਉਹ ਵਕੀਲ ਤੁਹਾਡਾ ਨੁਮਾਇੰਦਾ ਹੋ ਸਕਦਾ ਹੈ।
ਜੇ ਤੁਸੀਂ ਕਿਸੇ ਵਕੀਲ ਨੂੰ ਮਦਦ ਕਰਨ ਵਾਲੇ ਵਜੋਂ ਵਰਤ ਰਹੇ ਹੋਵੋ ਤਾਂ ਉਹ ਤੁਹਾਡੀ ਤਰਫੋਂ ਬੋਲਣ ਦੇ ਯੋਗ ਨਹੀਂ ਹੋਵੇਗਾ। ਸੀ ਆਰ ਟੀ ਵੀ ਤੁਹਾਡੇ ਕੇਸ ਬਾਰੇ ਤੁਹਾਡੀ ਮਦਦ ਕਰਨ ਵਾਲੇ ਨਾਲ ਗੱਲ ਕਰਨ ਦੇ ਯੋਗ ਨਹੀਂ ਹੋਵੇਗਾ। ਇਸ ਕਰਕੇ ਇਹ ਮਹੱਤਵਪੂਰਨ ਹੈ ਕਿ ਸੀ ਆਰ ਟੀ ਨਾਲ ਵਰਤਣ ਵੇਲੇ ਤੁਸੀਂ ਆਪਣੇ ਨਿੱਜੀ ਈਮੇਲ ਐਡਰੈਸ ਅਤੇ ਸੰਪਰਕ ਜਾਣਕਾਰੀ ਦੀ ਵਰਤੋਂ ਕਰੋ।

ਜੇ ਤੁਸੀਂ ਵਕੀਲ ਦੀ ਵਰਤੋਂ ਆਪਣੇ ਨੁਮਾਇੰਦੇ ਦੇ ਤੌਰ `ਤੇ ਕਰ ਰਹੇ ਹੋਵੋ ਤਾਂ ਉਹ ਤੁਹਾਡੀ ਤਰਫੋਂ ਸੀ ਆਰ ਟੀ ਨਾਲ ਗੱਲਬਾਤ ਕਰਨ ਦੇ ਯੋਗ ਹੋਵੇਗਾ। ਆਮ ਨਿਯਮ ਇਹ ਹੈ ਕਿ ਤੁਹਾਨੂੰ ਸੀ ਆਰ ਟੀ ਤੋਂ ਪੁੱਛੇ ਬਿਨਾਂ ਕੋਈ ਨੁਮਾਇੰਦਾ ਰੱਖਣ ਦੀ ਆਗਿਆ ਨਹੀਂ ਹੈ, ਜੇ ਤੁਸੀਂ ਨਾਬਾਲਗ ਨਾ ਹੋਵੋ ਜਾਂ ਤੁਹਾਡੀ ਮਾਨਸਿਕ ਸਮਰੱਥਾ ਵਿਚ ਕੁਝ ਵਿਗਾੜ ਨਾ ਹੋਵੇ।

## ਕੀ ਮੈਨੂੰ ਮਦਦ ਕਰਨ ਵਾਲਾ ਰੱਖਣ ਲਈ ਆਗਿਆ ਦੀ ਲੋੜ ਹੈ?

ਨਹੀਂ, ਮਦਦ ਕਰਨ ਵਾਲਾ ਰੱਖਣ ਲਈ ਤੁਹਾਨੂੰ ਸਾਡੀ ਆਗਿਆ ਦੀ ਲੋੜ ਨਹੀਂ ਹੈ। ਸਾਰੀ ਗੱਲਬਾਤ ਤੁਹਾਨੂੰ ਕਰਨੀ ਪਵੇਗੀ, ਪਰ ਤੁਹਾਡਾ ਮਦਦ ਕਰਨ ਵਾਲਾ ਹਰ ਕਦਮ `ਤੇ ਤੁਹਾਡੀ ਮਦਦ ਲਈ ਉੱਥੇ ਹੋ ਸਕਦਾ ਹੈ।

## ਮੈਨੂੰ ਮਦਦ ਕਰਨ ਵਾਲੇ ਵਜੋਂ ਕਿਸ ਦੀ ਚੋਣ ਕਰਨੀ ਚਾਹੀਦੀ ਹੈ?

ਤੁਹਾਨੂੰ ਧਿਆਨ ਨਾਲ ਇਹ ਵਿਚਾਰ ਕਰਨੀ ਚਾਹੀਦੀ ਹੈ ਕਿ ਤੁਸੀਂ ਮਦਦ ਕਰਨ ਵਾਲੇ ਵਜੋਂ ਕਿਸ ਦੀ ਚੋਣ ਕਰਦੇ ਹੋ। ਇਹ ਤੁਹਾਡੀਆਂ ਆਪਣੀਆਂ ਨਿੱਜੀ ਲੋੜਾਂ `ਤੇ ਨਿਰਭਰ ਕਰੇਗਾ। ਉਦਾਹਰਣ ਲਈ, ਜੇ ਅੰਗਰੇਜ਼ੀ ਪੜ੍ਹਨਾ ਜਾਂ ਲਿਖਣਾ ਤੁਹਾਡੇ ਲਈ ਔਖਾ ਹੈ ਤਾਂ ਇਹ ਪੱਕਾ ਕਰੋ ਕਿ ਤੁਹਾਡੀ ਮਦਦ ਕਰਨ ਵਾਲੇ ਦੀ ਅੰਗਰੇਜ਼ੀ ਬਹੁਤ ਵਧੀਆ ਹੋਵੇ। ਜੇ ਤੁਸੀਂ ਕੰਪਿਊਟਰ ਚੰਗੀ ਤਰ੍ਹਾਂ ਨਹੀਂ ਵਰਤ ਸਕਦੇ ਤਾਂ ਇਹ ਪੱਕਾ ਕਰੋ ਕਿ ਤੁਹਾਡੀ ਮਦਦ ਕਰਨ ਵਾਲਾ ਇਹ ਕੰਮ ਕਰ ਸਕਦਾ ਹੈ।

ਇਹ ਪੱਕਾ ਕਰੋ ਕਿ ਤੁਸੀਂ ਆਪਣੀ ਨਿੱਜੀ ਅਤੇ ਮਾਇਕ ਜਾਣਕਾਰੀ ਬਾਰੇ ਆਪਣੀ ਮਦਦ ਕਰਨ ਵਾਲੇ `ਤੇ ਭਰੋਸਾ ਕਰ ਸਕਦੇ ਹੋਵੋ। ਉਨ੍ਹਾਂ ਵਲੋਂ ਉਹ ਗੱਲਾਂ ਸੁਣੇ ਜਾਣ ਲਈ ਵੀ ਤੁਸੀਂ ਓਕੇ ਹੋਣੇ ਚਾਹੀਦੇ ਹੋ ਜਿਹੜੀਆਂ ਸੀ ਆਰ ਟੀ ਦੀ ਕਾਰਵਾਈ ਦੌਰਾਨ ਵਿਚਾਰੀਆਂ ਜਾ ਸਕਦੀਆਂ ਹਨ। ਤੁਹਾਨੂੰ ਇਹ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਤੁਹਾਡੀ ਮਦਦ ਕਰਨ ਵਾਲੇ ਦਾ ਝਗੜੇ ਵਿਚਲੀ ਦੂਜੀ ਧਿਰ ਨਾਲ ਕੋਈ ਸੰਬੰਧ ਤਾਂ ਨਹੀਂ ਹੈ। ਜੇ ਸੰਬੰਧ ਹੈ ਤਾਂ ਤੁਹਾਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਇਹ ਗੱਲ ਉਸ ਲਈ ਤੁਹਾਡੀ ਮਦਦ ਕਰਨ ਵਾਲੇ ਵਜੋਂ ਕੰਮ ਕਰਨਾ ਔਖਾ ਬਣਾਏਗੀ ਜਾਂ ਨਹੀਂ।

ਤੁਹਾਡੀ ਮਦਦ ਕਰਨ ਵਾਲਾ ਕੋਈ ਅਜਿਹਾ ਵਿਅਕਤੀ ਨਹੀਂ ਹੋਣਾ ਚਾਹੀਦਾ ਜਿਸ ਨੂੰ ਝਗੜੇ ਦੇ ਫੈਸਲੇ ਤੋਂ ਸਿੱਧਾ ਕੋਈ ਫਾਇਦਾ ਜਾਂ ਨੁਕਸਾਨ ਹੋਵੇਗਾ। ਉਸ ਦਾ ਸੰਬੰਧ ਕਿਸੇ ਅਜਿਹੇ ਵਿਅਕਤੀ ਨਾਲ ਵੀ ਨਹੀਂ ਹੋਣਾ ਚਾਹੀਦਾ ਜਿਸ ਨੂੰ ਫਾਇਦਾ ਜਾਂ ਨੁਕਸਾਨ ਹੋਵੇਗਾ। ਇਸ ਦੇ ਨਾਲ ਹੀ, ਤੁਸੀਂ ਆਪਣੀ ਮਦਦ ਕਰਨ ਵਾਲੇ ਨੂੰ ਗਵਾਹ ਦੇ ਤੌਰ `ਤੇ ਨਹੀਂ ਵਰਤ ਸਕਦੇ।

## ਕੀ ਮੈਂ ਨੁਮਾਇੰਦਾ ਰੱਖ ਸਕਦਾ/ਸਕਦੀ ਹਾਂ?

ਆਮ ਨਿਯਮ ਹੈ ਕਿ ਧਿਰਾਂ ਨੂੰ ਨੁਮਾਇੰਦਾ ਰੱਖਣ ਦੀ ਆਗਿਆ ਨਹੀਂ ਹੈ।

ਜੇ ਤੁਸੀਂ ਕਿਸੇ ਖਾਸ ਸ਼੍ਰੇਣੀ ਵਿਚ ਆਉਂਦੇ ਹੋਵੋ ਤਾਂ ਤੁਹਾਨੂੰ ਸੀ ਆਰ ਟੀ ਤੋਂ ਆਗਿਆ ਲਏ ਬਿਨਾਂ ਨੁਮਾਇੰਦਾ ਰੱਖਣ ਦੀ ਆਗਿਆ ਹੋ ਸਕਦੀ ਹੈ। ਉਦਾਹਰਣ ਲਈ, ਬੱਚਿਆਂ ਅਤੇ ਮਾਨਸਿਕ ਸਮਰੱਥਾ ਵਿਚ ਵਿਗਾੜ ਵਾਲੇ ਬਾਲਗਾਂ ਨੂੰ ਆਪਣੇ ਆਪ ਹੀ ਨੁਮਾਇੰਦਾ ਰੱਖਣ ਦੀ ਆਗਿਆ ਹੈ।

ਜੇ ਤੁਸੀਂ ਇਨ੍ਹਾਂ ਸ਼੍ਰੇਣੀਆਂ ਵਿੱਚੋਂ ਕਿਸੇ ਵਿਚ ਨਹੀਂ ਆਉਂਦੇ ਤਾਂ ਤੁਹਾਨੂੰ ਨੁਮਾਇੰਦਾ ਰੱਖਣ ਲਈ ਸੀ ਆਰ ਟੀ ਤੋਂ ਆਗਿਆ ਮੰਗਣੀ ਪਵੇਗੀ।

## ਮੈਂ ਨੁਮਾਇੰਦਾ ਰੱਖਣ ਲਈ ਸੀ ਆਰ ਟੀ ਤੋਂ ਆਗਿਆ ਕਿਵੇਂ ਲੈਣੀ ਹੈ?

Civil Resolution Tribunal

ਭਾਵੇਂ ਤੁਸੀਂ ਆਪਣੇ ਆਪ ਹੀ ਨੁਮਾਇੰਦੇ ਲਈ ਯੋਗ ਨਹੀਂ ਹੁੰਦੇ, ਤੁਸੀਂ ਅਜੇ ਵੀ ਅਜਿਹਾ ਕਰਨ ਦੀ ਆਗਿਆ ਮੰਗ ਸਕਦੇ ਹੋ। ਤੁਸੀਂ ਅਜਿਹਾ ਝਗੜੇ ਦੇ ਹੱਲ ਲਈ ਆਪਣੀ ਮੁਢਲੀ ਐਪਲੀਕੇਸ਼ਨ ਰਾਹੀਂ ਕਰ ਸਕਦੇ ਹੋ, ਜਾਂ ਬਾਅਦ ਵਿਚ ਰੈਪਰੇਜ਼ਿਨਟੇਟਿਵ ਰਿਕੁਐਸਟ ਫਾਰਮ ਭਰ ਕੇ ਅਤੇ ਆਪਣੇ ਫਾਸਿਲੀਟੇਟਰ ਨੂੰ ਦੇ ਕੇ ਅਜਿਹਾ ਕਰ ਸਕਦੇ ਹੋ।

ਨੁਮਾਇੰਦਾ ਰੱਖਣ ਲਈ ਆਗਿਆ ਦੀ ਬੇਨਤੀ `ਤੇ ਵਿਚਾਰ ਕਰਨ ਵੇਲੇ, ਸੀ ਆਰ ਟੀ ਇਹ ਵਿਚਾਰ ਕਰ ਸਕਦਾ ਹੈ ਕਿ ਕੀ:

- ਝਗੜੇ ਵਿਚਲੀ ਕਿਸੇ ਧਿਰ ਦੀ ਨੁਮਾਇੰਦਗੀ ਹੋ ਰਹੀ ਹੈ ਅਤੇ ਜੇ ਹੋ ਰਹੀ ਹੈ ਤਾਂ ਕੀ ਉਹ ਵਿਅਕਤੀ ਵਕੀਲ ਹੈ ਜਾਂ ਉਸ ਵਿਅਕਤੀ ਦੀ ਵਕੀਲ ਵਲੋਂ ਨਿਗਰਾਨੀ ਕੀਤੀ ਜਾ ਰਹੀ ਹੈ
- ਝਗੜੇ ਵਿਚਲੀ ਹਰ ਧਿਰ ਨੁਮਾਇੰਦਗੀ ਲਈ ਸਹਿਮਤ ਹੋਈ ਹੈ
- ਨੁਮਾਇੰਦਗੀ ਲਈ ਤਜਵੀਜ਼ ਕੀਤਾ ਗਿਆ ਵਿਅਕਤੀ ਸਹੀ ਹੈ
- ਇਨਸਾਫ ਅਤੇ ਨਿਆਂ ਦੇ ਹਿੱਤਾਂ ਵਿਚ ਧਿਰ ਨੂੰ ਨੁਮਾਇੰਦਗੀ ਦੀ ਆਗਿਆ ਮਿਲਣੀ ਚਾਹੀਦੀ ਹੈ

ਜੇ ਸੀ ਆਰ ਟੀ ਨੁਮਾਇੰਦਗੀ ਦੀ ਤੁਹਾਡੀ ਬੇਨਤੀ ਮੰਨਣ ਤੋਂ ਨਾਂਹ ਕਰਦਾ ਹੈ ਤਾਂ ਇਹ ਫੈਸਲਾ ਟ੍ਰਿਬਿਊਨਲ ਦੇ ਕਿਸੇ ਮੈਂਬਰ ਵਲੋਂ ਕੀਤਾ ਜਾਣਾ ਜ਼ਰੂਰੀ ਹੈ। ਅਤੇ ਜੇ ਸੀ ਆਰ ਟੀ ਤੁਹਾਨੂੰ ਨੁਮਾਇੰਦਗੀ ਦੀ ਆਗਿਆ ਦਿੰਦਾ ਹੈ ਤਾਂ ਤੁਹਾਨੂੰ ਅਜੇ ਵੀ ਆਪ ਹਾਜ਼ਰ ਰਹਿਣਾ ਪਵੇਗਾ ਜਾਂ ਕਾਰਵਾਈ ਵਿਚ ਆਪਣੀ ਸਿੱਧੀ ਰਾਇ ਦੇਣੀ ਪਵੇਗੀ।

### ਨੁਮਾਇੰਦਾ ਕੌਣ ਹੋ ਸਕਦਾ ਹੈ?

- ਬੀ ਸੀ ਵਿਚ ਪ੍ਰੈਕਟਿਸ ਕਰਦਾ ਕੋਈ ਵਕੀਲ ਜਾਂ ਵਕੀਲ ਦੀ ਨਿਗਰਾਨੀ ਹੇਠਲਾ ਕੋਈ ਵਿਅਕਤੀ।
- ਪਤੀ/ਪਤਨੀ, ਕੋਈ ਰਿਸ਼ਤੇਦਾਰ, ਜਾਂ ਦੋਸਤ ਜਿਹੜਾ ਨੁਮਾਇੰਦੇ ਦੇ ਤੌਰ `ਤੇ ਕੰਮ ਕਰਨ ਲਈ ਸਹਿਮਤ ਹੋਇਆ ਹੈ।
- ਧਿਰ ਵਲੋਂ ਤਜਵੀਜ਼ ਕੀਤਾ ਗਿਆ ਅਤੇ ਟ੍ਰਿਬਿਊਨਲ ਵਲੋਂ ਪ੍ਰਵਾਨ ਕੀਤਾ ਗਿਆ ਕੋਈ ਹੋਰ ਵਿਅਕਤੀ

### ਕਿਸ ਨੂੰ ਆਪਣੇ ਆਪ ਨੁਮਾਇੰਦਾ ਰੱਖਣ ਦੀ ਆਗਿਆ ਹੈ?

ਇਨ੍ਹਾਂ ਹਾਲਤਾਂ ਵਿਚ ਤੁਹਾਨੂੰ ਸੀ ਆਰ ਟੀ ਤੋਂ ਖਾਸ ਆਗਿਆ ਲਏ ਬਿਨਾਂ ਹੀ ਆਪਣੇ ਆਪ ਨੁਮਾਇੰਦਾ ਰੱਖਣ ਦੀ ਆਗਿਆ ਹੈ।

**ਬੱਚੇ (ਬੀ ਸੀ ਦੇ ਕਾਨੂੰਨ ਹੇਠ, 19 ਸਾਲ ਤੋਂ ਘੱਟ ਉਮਰ ਦਾ ਬੱਚਾ ਹੈ।)**

<u>ਮੁਕੱਦਮਾ ਕਰਨ ਵਾਲਾ ਗਾਰਡੀਅਨ</u>

ਬੱਚੇ ਲਈ ਕਾਰਵਾਈ ਵਿਚ ਮੁਕੱਦਮਾ ਕਰਨ ਵਾਲੇ ਗਾਰਡੀਅਨ ਰਾਹੀਂ ਹਿੱਸਾ ਲੈਣਾ ਜ਼ਰੂਰੀ ਹੈ। ਮੁਕੱਦਮਾ ਕਰਨ ਵਾਲਾ ਗਾਰਡੀਅਨ (ਲਿਟੀਗੇਸ਼ਨ ਗਾਰਡੀਅਨ) 19 ਸਾਲ ਜਾਂ ਜ਼ਿਆਦਾ ਉਮਰ ਦਾ ਕੋਈ ਵਿਅਕਤੀ ਹੈ। ਮਾਂ, ਪਿਉ ਜਾਂ ਲੀਗਲ ਗਾਰਡੀਅਨ ਅਕਸਰ ਮੁਕੱਦਮਾ ਕਰਨ ਵਾਲਾ ਗਾਰਡੀਅਨ ਹੋਵੇਗਾ। ਮੁਕੱਦਮਾ ਕਰਨ ਵਾਲੇ ਗਾਰਡੀਅਨ ਵਜੋਂ ਕੰਮ ਕਰ ਰਹੇ ਵਿਅਕਤੀ ਦਾ ਉਸ ਬੱਚੇ ਨਾਲ ਸੰਬੰਧਿਤ ਕਲੇਮਾਂ ਵਿਚ ਕੋਈ ਵਿਰੋਧੀ ਹਿੱਤ ਨਹੀਂ ਹੋ ਸਕਦਾ ਜਿਸ ਲਈ ਉਹ ਕੰਮ ਕਰ ਰਿਹਾ ਹੈ।

ਮੁਕੱਦਮਾ ਕਰਨ ਵਾਲੇ ਗਾਰਡੀਅਨ ਵਜੋਂ ਕੰਮ ਕਰ ਰਹੇ ਵਿਅਕਤੀ ਲਈ ਟ੍ਰਿਬਿਊਨਲ ਨੂੰ ਆਪਣੇ ਦਸਖਤਾਂ ਵਾਲਾ ਐਲਾਨਨਾਮਾ (ਡੈਕਲਾਰੇਸ਼ਨ) ਦੇਣਾ ਜ਼ਰੂਰੀ ਹੈ ਜਿਹੜਾ ਇਹ ਤਸਦੀਕ ਕਰਦਾ ਹੋਵੇ ਕਿ

- ਉਸ ਕੋਲ ਬੱਚੇ ਲਈ ਕੰਮ ਕਰਨ ਦਾ ਸਹੀ ਅਧਿਕਾਰ ਹੈ, ਅਤੇ
- ਉਸ ਦਾ ਝਗੜੇ ਵਿਚਲੇ ਬੱਚੇ ਦੇ ਹਿੱਤਾਂ ਨਾਲ ਕੋਈ ਟਕਰਾਅ ਨਹੀਂ ਹੈ।

ਜੇ ਕੋਈ ਵੀ ਮੁਕੱਦਮਾ ਕਰਨ ਵਾਲੇ ਗਾਰਡੀਅਨ ਵਜੋਂ ਕੰਮ ਕਰਨ ਦਾ ਖਾਹਸ਼ਮੰਦ ਨਾ ਹੋਵੇ ਤਾਂ ਬੀ ਸੀ ਦਾ ਪਬਲਿਕ ਗਾਰਡੀਅਨ ਐਂਡ ਟਰੱਸਟੀ ਅਜਿਹਾ ਕਰਨ ਦਾ ਖਾਹਸ਼ਮੰਦ ਹੋ ਸਕਦਾ ਹੈ।

<u>ਨੁਮਾਇੰਦਾ</u>

ਕੋਈ ਵੀ ਬੱਚਾ ਆਪਣੇ ਲਈ ਕੰਮ ਕਰਨ ਵਾਲਾ ਕੋਈ ਨੁਮਾਇੰਦਾ ਟ੍ਰਿਬਿਊਨਲ ਤੋਂ ਆਗਿਆ ਲਏ ਬਿਨਾਂ ਰੱਖ ਸਕਦਾ ਹੈ।

ਜੇ ਝਗੜੇ ਵਿਚ ਨਿੱਜੀ ਸੱਟ ਸ਼ਾਮਲ ਹੋਵੇ ਤਾਂ ਜੇ ਮੁਕੱਦਮਾ ਕਰਨ ਵਾਲਾ ਗਾਰਡੀਅਨ ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾ ਹੋਵੇ ਤਾਂ ਬੱਚੇ ਦੀ ਨੁਮਾਇੰਦਗੀ ਕਿਸੇ ਵਕੀਲ ਜਾਂ ਵਕੀਲ ਦੀ ਨਿਗਰਾਨੀ ਹੇਠ ਕੰਮ ਕਰਦੇ ਕਿਸੇ ਵਿਅਕਤੀ ਵਲੋਂ ਹੋਣੀ ਜ਼ਰੂਰੀ ਹੈ।

**ਮਾਨਸਿਕ ਸਮਰੱਥਾ ਵਿਚ ਵਿਗਾੜ ਵਾਲੇ ਬਾਲਗ**

ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ ਵਿਚ, ਮਾਨਸਿਕ ਸਮਰੱਥਾ ਵਿਚ ਵਿਗਾੜ ਵਾਲੇ ਬਾਲਗਾਂ `ਤੇ ਖਾਸ ਨਿਯਮ ਲਾਗੂ ਹੁੰਦੇ ਹਨ।

ਅਸੀਂ ਇਸ ਚੀਜ਼ ਦੀ ਕੋਈ ਨਿਸ਼ਚਤ ਪਰਿਭਾਸ਼ਾ ਨਹੀਂ ਦੇ ਸਕਦੇ ਜਿਹੜੀ ਇਹ ਵਰਣਨ ਕਰਦੀ ਹੋਵੇ ਕਿ ਕਿਸੇ ਬਾਲਗ ਦੀ ਮਾਨਸਿਕ ਸਮਰੱਥਾ ਵਿਚ ਕਦੋਂ ਵਿਗਾੜ ਹੁੰਦਾ ਹੈ ਜਾਂ ਨਹੀਂ ਹੁੰਦਾ। ਅਸੀਂ ਤੁਹਾਨੂੰ ਇਹ ਦੱਸ ਸਕਦੇ ਹਾਂ ਕਿ ਇਸ ਦਾ ਆਮ ਤੌਰ `ਤੇ ਕਿਸੇ ਫੈਸਲੇ ਦੀ ਮਹੱਤਤਾ ਜਾਂ ਸਿੱਟਿਆਂ ਨੂੰ ਸਮਝਣ ਵਿਚ ਬਾਲਗ ਦੀ ਸਮਰੱਥਾ ਵਰਗੀਆਂ ਚੀਜਾਂ ਨਾਲ ਸੰਬੰਧ ਹੁੰਦਾ ਹੈ। ਇਸ ਦਾ ਸੂਚਨਾ ਲੈ ਕੇ ਫੈਸਲੇ ਕਰਨ ਲਈ ਲੋੜੀਂਦੀ ਜਾਣਕਾਰੀ ਨੂੰ ਸਮਝਣ ਵਿਚ ਬਾਲਗ ਦੀ ਸਮਰੱਥਾ ਦਾ ਵੀ ਸੰਬੰਧ ਹੁੰਦਾ ਹੈ।

ਕੋਈ ਬਾਲਗ ਕੁਝ ਫੈਸਲੇ ਕਰਨ ਲਈ ਦਿਮਾਗੀ ਤੌਰ `ਤੇ ਯੋਗ ਹੋ ਸਕਦਾ ਹੈ, ਪਰ ਹੋਰ ਨਹੀਂ। ਕੋਈ ਬਾਲਗ ਕਦੇ ਕਦੇ ਯੋਗ ਹੋ ਸਕਦਾ ਹੈ, ਪਰ ਹੋਰ ਸਮਿਆਂ `ਤੇ ਨਹੀਂ।

**ਮੁਕੱਦਮਾ ਕਰਨ ਵਾਲਾ ਗਾਰਡੀਅਨ (ਲਿਟੀਗੇਸ਼ਨ ਗਾਰਡੀਅਨ)**

ਮਾਨਸਿਕ ਸਮਰੱਥਾ ਵਿਚ ਵਿਗਾੜ ਵਾਲੇ ਬਾਲਗ ਲਈ ਕਾਰਵਾਈ ਵਿਚ ਮੁਕੱਦਮਾ ਕਰਨ ਵਾਲੇ ਗਾਰਡੀਅਨ ਰਾਹੀਂ ਹਿੱਸਾ ਲੈਣਾ ਜ਼ਰੂਰੀ ਹੈ। ਮੁਕੱਦਮਾ ਕਰਨ ਵਾਲੇ ਗਾਰਡੀਅਨ (ਲਿਟੀਗੇਸ਼ਨ ਗਾਰਡੀਅਨ) ਦਾ 19 ਸਾਲ ਜਾਂ ਜ਼ਿਆਦਾ ਉਮਰ ਦਾ ਹੋਣਾ ਜ਼ਰੂਰੀ ਹੈ।

ਮੁਕੱਦਮਾ ਕਰਨ ਵਾਲੇ ਗਾਰਡੀਅਨ ਵਜੋਂ ਕੰਮ ਕਰ ਰਹੇ ਵਿਅਕਤੀ ਦਾ ਉਸ ਵਿਅਕਤੀ ਨਾਲ ਸੰਬੰਧਿਤ ਕਲੇਮਾਂ ਵਿਚ ਕੋਈ ਵਿਰੋਧੀ ਹਿੱਤ ਨਹੀਂ ਹੋ ਸਕਦਾ ਜਿਸ ਲਈ ਉਹ ਕੰਮ ਕਰ ਰਿਹਾ ਹੈ।

ਮੁਕੱਦਮਾ ਕਰਨ ਵਾਲੇ ਗਾਰਡੀਅਨ ਵਜੋਂ ਕੰਮ ਕਰ ਰਹੇ ਵਿਅਕਤੀ ਲਈ ਟ੍ਰਿਬਿਊਨਲ ਨੂੰ ਆਪਣੇ ਦਸਖਤਾਂ ਵਾਲਾ ਐਲਾਨਨਾਮਾ (ਡੈਕਲਾਰੇਸ਼ਨ) ਦੇਣਾ ਜ਼ਰੂਰੀ ਹੈ ਜਿਹੜਾ ਇਹ ਤਸਦੀਕ ਕਰਦਾ ਹੋਵੇ ਕਿ

- ਉਸ ਕੋਲ ਮਾਨਸਿਕ ਸਮਰੱਥਾ ਵਿਚ ਵਿਗਾੜ ਵਾਲੇ ਬਾਲਗ ਲਈ ਕੰਮ ਕਰਨ ਦਾ ਸਹੀ ਅਧਿਕਾਰ ਹੈ, ਅਤੇ
- ਉਸ ਦਾ ਝਗੜੇ ਵਿਚਲੇ ਮਾਨਸਿਕ ਸਮਰੱਥਾ ਵਿਚ ਵਿਗਾੜ ਵਾਲੇ ਬਾਲਗ ਦੇ ਹਿੱਤਾਂ ਨਾਲ ਕੋਈ ਟਕਰਾਅ ਨਹੀਂ ਹੈ।

ਜੇ ਕੋਈ ਵੀ ਮੁਕੱਦਮਾ ਕਰਨ ਵਾਲੇ ਗਾਰਡੀਅਨ ਵਜੋਂ ਕੰਮ ਕਰਨ ਦਾ ਖਾਹਸ਼ਮੰਦ ਨਾ ਹੋਵੇ ਤਾਂ ਬੀ ਸੀ ਦਾ ਪਬਲਿਕ ਗਾਰਡੀਅਨ ਐਂਡ ਟਰੱਸਟੀ ਅਜਿਹਾ ਕਰਨ ਦਾ ਖਾਹਸ਼ਮੰਦ ਹੋ ਸਕਦਾ ਹੈ।

ਨੁਮਾਇੰਦਾ

ਮਾਨਸਿਕ ਸਮਰੱਥਾ ਵਿਚ ਵਿਗਾੜ ਵਾਲਾ ਬਾਲਗ ਆਪਣੇ ਲਈ ਕੰਮ ਕਰਨ ਵਾਲਾ ਕੋਈ ਨੁਮਾਇੰਦਾ ਟ੍ਰਿਬਿਊਨਲ ਤੋਂ ਆਗਿਆ ਲਏ ਬਿਨਾਂ ਰੱਖ ਸਕਦਾ ਹੈ।
ਜੇ ਤੁਸੀਂ ਇਨ੍ਹਾਂ ਤਿੰਨ ਸ਼੍ਰੇਣੀਆਂ ਵਿੱਚੋਂ ਕਿਸੇ ਵਿਚ ਨਹੀਂ ਵੀ ਆਉਂਦੇ ਤਾਂ ਵੀ ਤੁਸੀਂ ਨੁਮਾਇੰਦੇ ਦੀ ਆਗਿਆ ਲੈਣ ਲਈ ਸੀ ਆਰ ਟੀ ਤੋਂ ਪੁੱਛ ਸਕਦੇ ਹੋ। ਇਹ ਫੈਸਲਾ ਕਰਨ ਵੇਲੇ ਕਿ ਕੀ ਤੁਹਾਨੂੰ ਇਸ ਦੀ ਆਗਿਆ ਦੇਣੀ ਹੈ, ਸੀ ਆਰ ਟੀ ਤੁਹਾਡੇ ਹਲਾਤਾਂ `ਤੇ ਵਿਚਾਰ ਕਰੇਗਾ।

## ਜੇ ਮੈਂ ਕੋਈ ਇਨਸ਼ੋਰੈਂਸ ਕੰਪਨੀ ਹਾਂ ਜਿਹੜੀ ਝਗੜੇ ਵਿਚਲੇ ਨੁਕਸਾਨਾਂ ਦਾ ਖਰਚਾ ਦੇਣ ਲਈ ਕਵਰੇਜ ਦੇ ਰਹੀ ਹੈ ਤਾਂ ਕੀ ਹੋਵੇਗਾ?

ਸੀ ਆਰ ਟੀ ਦੇ ਨਿਯਮਾਂ ਅਧੀਨ, ਨੁਕਸਾਨਾਂ ਦਾ ਖਰਚਾ ਦੇਣ ਲਈ ਕਵਰੇਜ ਪ੍ਰਦਾਨ ਕਰਨ ਵਾਲੀ ਇਨਸ਼ੋਰੈਂਸ ਕੰਪਨੀ ਝਗੜੇ ਵਿਚ ਇਕ ਧਿਰ ਵਜੋਂ ਸ਼ਾਮਲ ਹੋਣ ਲਈ ਬੇਨਤੀ ਕਰ ਸਕਦੀ ਹੈ।

ਝਗੜੇ ਵਿਚ ਕਿਸੇ ਧਿਰ ਦੀ ਨੁਮਾਇੰਦਗੀ ਕਰ ਰਹੀ ਇਨਸ਼ੋਰੈਂਸ ਕੰਪਨੀ ਲਈ ਕਿਸੇ ਡਾਇਰੈਕਟਰ ਰਾਹੀਂ ਜਾਂ ਇਨਸ਼ੋਰੈਂਸ ਕੰਪਨੀ ਦੇ ਕਿਸੇ ਅਧਿਕਾਰਤ ਮੁਲਾਜ਼ਮ ਰਾਹੀਂ ਜਾਂ ਕਿਸੇ ਅਜਿਹੇ ਵਿਅਕਤੀ ਰਾਹੀਂ ਕੰਮ ਕਰਨਾ ਜ਼ਰੂਰੀ ਹੈ ਜਿਸ ਨੂੰ ਟ੍ਰਿਬਿਊਨਲ ਦੇ ਕਿਸੇ ਮੁਲਾਜ਼ਮ ਜਾਂ ਮੈਂਬਰ ਨੇ ਇਨਸ਼ੋਰੈਂਸ ਕੰਪਨੀ ਦੀ ਨੁਮਾਇੰਦਗੀ ਕਰਨ ਦੀ ਆਗਿਆ ਦਿੱਤੀ ਹੋਵੇ।

## ਕੀ ਸੰਸਥਾ ਦਾ ਵੀ ਕੋਈ ਨੁਮਾਇੰਦਾ ਹੋ ਸਕਦਾ ਹੈ?

ਜੇ ਕੋਈ ਧਿਰ ਸੰਸਥਾ (ਔਰਗੇਨਾਈਜ਼ੇਸ਼ਨ) ਹੈ ਤਾਂ ਉਸ ਨੂੰ ਆਪਣੇ ਆਪ ਹੀ ਨੁਮਾਇੰਦਾ ਰੱਖਣ ਦੀ ਆਗਿਆ ਨਹੀਂ ਹੈ। ਪਰ ਇਸ ਕੋਲ ਅਜੇ ਵੀ ਝਗੜੇ ਦੇ ਹੱਲ ਦੀ ਕਾਰਵਾਈ ਵਿਚ ਕੰਮ ਕਰਨ ਲਈ ਕੋਈ ਵਿਅਕਤੀ ਹੋਣਾ ਜ਼ਰੂਰੀ ਹੈ। ਇਸ ਬਾਰੇ ਨਿਯਮ ਬਣੇ ਹੋਏ ਹਨ ਕਿ ਕੋਈ ਸੰਸਥਾ ਕਿਸ ਰਾਹੀਂ ਕੰਮ ਕਰ ਸਕਦੀ ਹੈ।

ਜੇ ਕੋਈ ਧਿਰ ਕਾਰਪੋਰੇਸ਼ਨ, ਪਾਰਟਨਰਸ਼ਿਪ ਜਾਂ ਕਿਸੇ ਹੋਰ ਤਰ੍ਹਾਂ ਦੀ ਸੰਸਥਾ ਹੈ ਤਾਂ ਉਸ ਲਈ ਅੱਗੇ ਦਿੱਤਿਆਂ ਵਿੱਚੋਂ ਕਿਸੇ ਇਕ ਰਾਹੀਂ ਕੰਮ ਕਰਨਾ ਜ਼ਰੂਰੀ ਹੈ:

**ਸਟਰੈਟਾ ਕਾਰਪੋਰੇਸ਼ਨ**

ਸਟਰੈਟਾ ਕੌਂਸਲ ਦਾ ਅਧਿਕਾਰਤ ਮੈਂਬਰ

**ਇਨਕਾਰਪੋਰੇਟਿਡ ਸੰਸਥਾ**

ਡਾਇਰੈਕਟਰ, ਅਫਸਰ ਜਾਂ ਅਧਿਕਾਰਤ ਮੁਲਾਜ਼ਮ

**ਪਾਰਟਨਰਸ਼ਿਪ**

ਪਾਰਟਨਰ ਜਾ ਅਧਿਕਾਰਤ ਮੁਲਾਜ਼ਮ

**ਕੋਈ ਬਿਜ਼ਨਸ ਨਾਂ ਵਰਤਣ ਵਾਲੀ ਅਨਇਨਕਾਰਪੋਰੇਟਿਡ ਸੰਸਥਾ**

ਬਿਜ਼ਨਸ ਦੇ ਮਾਲਕ ਜਾਂ ਕਿਸੇ ਵੀ ਅਧਿਕਾਰਤ ਮੁਲਾਜ਼ਮ ਵਲੋਂ

ਕਿਸੇ ਕਾਰਪੋਰੇਸ਼ਨ, ਪਾਰਟਨਰਸ਼ਿਪ ਜਾਂ ਸੰਸਥਾ ਦੇ ਕਿਸੇ ਹੋਰ ਰੂਪ ਲਈ ਕੰਮ ਕਰ ਰਹੇ ਕਿਸੇ ਵਿਅਕਤੀ ਜਾਂ ਪ੍ਰਤੀਨਿਧ ਕੋਲ ਝਗੜੇ ਦੇ ਹੱਲ ਲਈ ਟ੍ਰਿਬਿਊਨਲ ਦੀ ਕਾਰਵਾਈ ਦੇ ਸਾਰੇ ਪੱਧਰਾਂ `ਤੇ ਆਪਣੀ ਧਿਰ ਤਰਫੋਂ ਅਜਿਹੇ ਫੈਸਲੇ ਲੈਣ ਦਾ ਅਧਿਕਾਰ ਹੋਣਾ ਜ਼ਰੂਰੀ ਹੈ ਜਿਹੜੇ ਫੈਸਲੇ ਉਸ ਧਿਰ ਲਈ ਮੰਨਣੇ ਲਾਜ਼ਮੀ (ਬਾਈਡਿੰਗ) ਹੋਣਗੇ।
ਕਿਸੇ ਵੀ ਹੋਰ ਧਿਰ ਵਾਂਗ, ਕਿਸੇ ਸੰਸਥਾ ਨੂੰ ਵੀ ਸੀ ਆਰ ਟੀ ਤੋਂ ਆਗਿਆ ਲੈਣ ਦੀ ਲੋੜ ਹੈ ਜੇ ਇਹ ਕਿਸੇ ਨੁਮਾਇੰਦੇ ਦੀ ਵਰਤੋਂ ਕਰਨਾ ਚਾਹੁੰਦੀ ਹੈ।

### ਕੀ ਤੁਹਾਡੇ ਕੋਲ ਇਸ ਚੀਜ਼ ਬਾਰੇ ਕੋਈ ਸੁਝਾਅ ਹਨ ਕਿ ਮੇਰੀ ਮਦਦ ਕੌਣ ਕਰ ਸਕਦਾ ਹੈ?

ਤੁਸੀਂ ਸਲਾਹ ਲਈ ਜਾਂ, ਉਦਾਹਰਣ ਲਈ, ਐਗਰੀਮੈਂਟ ਦਾ ਖਰੜਾ ਦਿਖਾਉਣ ਲਈ ਕਿਸੇ ਕਾਨੂੰਨੀ ਮਾਹਰ ਤੋਂ ਪੁੱਛ ਸਕਦੇ ਹੋ। ਤੁਸੀਂ ਸੀ ਬੀ ਏ (ਬੀ ਸੀ) ਦੀ ਲੌਈਅਰ ਰੈਫਰਲ ਸਰਵਿਸ ਨਾਲ ਸੰਪਰਕ ਵੀ ਕਰ ਸਕਦੇ ਹੋ। ਜੇ ਤੁਸੀਂ ਵਕੀਲ ਦਾ ਖਰਚਾ ਨਾ ਦੇ ਸਕਦੇ ਹੋਵੋ ਤਾਂ ਇਹ ਪਤਾ ਲਾਉਣ ਲਈ ਐਕਸੈੱਸ ਪ੍ਰੋ ਬੋਨੋ ਦਾ ਵੈੱਬਸਾਈਟ ਜਾਂ ਕਲਿਕਲਾਅ ਹੈਲਪਮੈਪ ਦੇਖੋ ਕਿ ਤੁਹਾਡੇ ਇਲਾਕੇ ਵਿਚ ਕੋਈ ਕਲੀਨਿਕ ਹੈ।
ਸਟਰੈਟਾ ਦੇ ਮਾਮਲਿਆਂ ਬਾਰੇ ਹੋਰ ਸਵਾਲਾਂ ਲਈ, ਕੰਡੋਮਿਨੀਅਮ ਹੋਮ ਓਨਰਜ਼ ਐਸੋਸੀਏਸ਼ਨ ਜਾਂ ਵੈਨਕੂਵਰ ਆਈਲੈਂਡ ਸਟਰੈਟਾ ਓਨਰਜ਼ ਐਸੋਸੀਏਸ਼ਨ ਨਾਲ ਸੰਪਰਕ ਕਰੋ।